Punjab Government Gazette

Published by Authority

No. 20] CHANDIGARH, FRIDAY, MAY 15, 2026 (VAISAKHA 25 , 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਚੀਫ ਆਡੀਟਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ

ਐਸ.ਸੀ.ਓ. ਨੰ. 175-187, ਚੌਥੀ ਮੰਜਿਲ, ਸੈਕਟਰ 34-ਏ, ਚੰਡੀਗੜ੍ਹ

(ਅਮਲਾ ਸ਼ਾਖਾ)

ਹੁਕਮ

ਸ਼੍ਰੀ ਨਵਜੀਤ ਸਿੰਘ ਨੂੰ ਇਸ ਦਫਤਰ ਦੇ ਪੱਤਰ ਨੰ. ਆਡਿਟ/ਜ.ਸ.2/11225-30 ਮਿਤੀ 27-10-2006 ਰਾਹੀਂ ਤਰਸ ਦੇ ਅਧਾਰ ਤੇ ਬਤੌਰ ਕਲਰਕ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ ਸੀ। ਜਿਸਦੀ ਪਾਲਣਾ ਵਿੱਚ ਸ਼੍ਰੀ ਨਵਜੀਤ ਸਿੰਘ ਵੱਲੋਂ ਮਿਤੀ 07-11-2006 ਨੂੰ ਦਫਤਰ ਆਡਿਟ ਅਫਸਰ, ਸਹਿਕਾਰੀ ਸਭਾਵਾਂ ਫਿਰੋਜ਼ਪੁਰ ਵਿਖੇ ਬਤੌਰ ਕਲਰਕ ਆਪਣੀ ਹਾਜ਼ਰੀ ਦਿੱਤੀ ਗਈ। ਕਰਮਚਾਰੀ ਦੇ ਨਿਯੁਕਤੀ ਪੱਤਰ ਦੀਆਂ ਸ਼ਰਤਾਂ ਅਨੁਸਾਰ ਉਸਦਾ ਪਰਖਕਾਲ ਸਮਾਂ ਦੋ ਸਾਲ ਦਾ ਰੱਖਿਆ ਗਿਆ ਸੀ, ਜਿਸ ਵਿੱਚ ਕਰਮਚਾਰੀ ਦਾ ਕੰਮ ਕਾਰ ਤਸੱਲੀਬਖਸ਼ ਹੋਣਾ ਚਾਹੀਦਾ ਹੈ। ਪ੍ਰੰਤੂ ਦਫਤਰੀ ਰਿਕਾਰਡ ਅਨੁਸਾਰ ਕਰਮਚਾਰੀ ਹਾਜ਼ਰੀ ਮਿਤੀ ਤੋਂ ਅਗਲੇ ਦਿਨ ਹੀ ਦਫਤਰ ਵਿਖੇ ਹਾਜ਼ਰ ਨਹੀਂ ਹੋਇਆ ਅਤੇ ਪਰਖਕਾਲ ਸਮੇਂ ਦੌਰਾਨ ਵੀ ਜਿਆਦਾਤਰ ਸਮਾਂ ਛੁੱਟੀਆਂ ਤੇ ਰਿਹਾ ਹੈ।

ਕਰਮਚਾਰੀ ਦੇ ਨਿਯੁਕਤੀ ਪੱਤਰ ਵਿੱਚ ਪੰਜਾਬੀ ਟਾਈਪ ਟੈਸਟ ਇੱਕ ਸਾਲ ਦੇ ਅੰਦਰ-ਅੰਦਰ 30 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਨਾਲ ਪਾਸ ਕਰਨ ਦੀ ਸ਼ਰਤ ਲਗਾਈ ਗਈ ਸੀ ਅਤੇ ਟਾਈਪ ਟੈਸਟ ਪਾਸ ਨਾ ਕਰਨ ਦੀ ਸੂਰਤ ਵਿੱਚ ਸਲਾਨਾ ਤਰੱਕੀ ਨਹੀਂ ਲਗਾਈ ਜਾ ਸਕਦੀ। ਕਰਮਚਾਰੀ ਨੂੰ ਇਸ ਦਫਤਰ ਵੱਲੋਂ ਟਾਈਪਿੰਗ ਟੈਸਟ ਪਾਸ ਕਰਨ ਲਈ ਕਈ ਮੌਕੇ ਦਿੱਤੇ ਗਏ, ਪ੍ਰੰਤੂ ਕਰਮਚਾਰੀ ਆਪਣੀ ਹਾਜ਼ਰੀ ਮਿਤੀ 07-11-2006 ਤੋਂ ਹੁਣ ਤੱਕ ਟਾਈਪਿੰਗ ਟੈਸਟ ਕਲੀਅਰ ਨਾ ਕਰ ਸਕਿਆ। ਜਿਸ ਕਰਕੇ ਉਸਦਾ ਹੁਣ ਤੱਕ ਪਰਖਕਾਲ ਸਮਾਂ ਕਲੀਅਰ ਨਹੀਂ ਹੋ ਸਕਿਆ। ਜਿਸ ਕਰਕੇ ਕਰਮਚਾਰੀ ਨੂੰ ਹੁਣ ਤੱਕ ਕੋਈ ਵੀ ਸਲਾਨਾ ਤਰੱਕੀ ਅਤੇ ਏ.ਸੀ.ਪੀ. ਦਾ ਲਾਭ ਨਹੀਂ ਦਿੱਤਾ ਗਿਆ।

ਕਰਮਚਾਰੀ ਪਾਸੋਂ ਟਾਈਪ ਟੈਸਟ ਪਾਸ ਨਾ ਕਰਨ ਅਤੇ ਪਰਖਕਾਲ ਸਮਾਂ ਕਲੀਅਰ ਨਾ ਕਰਨ ਸਬੰਧੀ ਸਪੱਸ਼ਟੀਕਰਨ ਵੀ ਮੰਗਿਆ ਗਿਆ ਸੀ। ਜਿਸਦੇ ਜਵਾਬ ਵਿੱਚ ਕਰਮਚਾਰੀ ਨੇ ਮੰਨਿਆ ਹੈ ਕਿ ਉਹ ਹਾਜ਼ਰੀ ਸਮੇਂ ਤੋਂ ਜਿਆਦਾਤਰ ਸਮਾਂ ਮੈਡੀਕਲ ਅਧਾਰ 'ਤੇ ਛੁੱਟੀ ਤੇ ਰਿਹਾ ਹੈ ਅਤੇ ਮੁੱਖ ਦਫਤਰ ਵੱਲੋਂ ਕਈ ਵਾਰ ਉਸਦਾ ਟੈਸਟ ਰੱਖਿਆ ਗਿਆ ਪ੍ਰੰਤੂ ਟਾਈਪਿੰਗ ਦੀ ਤਿਆਰੀ ਨਾ ਹੋਣ ਕਰਕੇ ਉਸਦਾ ਹੁਣ ਤੱਕ ਟਾਈਪਿੰਗ ਟੈਸਟ ਕਲੀਅਰ ਨਹੀਂ ਹੋ ਸਕਿਆ ਅਤੇ 28-10-2020 ਨੂੰ ਉਸਦਾ ਭਿਆਨਕ ਐਕਸੀਡੈਂਟ ਹੋ ਗਿਆ ਸੀ ਜਿਸ ਵਿੱਚ ਉਸਦੀ ਰੀਡ ਦੀ ਹੱਡੀ ਤੇ ਜਿਆਦਾ ਸੱਟ ਲੱਗਣ ਕਰਕੇ ਉਹ ਲੰਬੇ ਸਮੇਂ ਤੱਕ ਮੈਡੀਕਲ ਅਧਾਰ

ਤੇ' ਬਿਨਾਂ ਤਨਖਾਹ ਛੁੱਟੀ ਤੇ ਹੀ ਰਿਹਾ ਹੈ। ਪ੍ਰੰਤੂ ਵਿਭਾਗ ਇਸ ਨਾਲ ਸਹਿਮਤ ਨਹੀਂ ਹੈ ਕਿਉਂਕਿ ਕਰਮਚਾਰੀ ਸਾਲ 2006 ਵਿੱਚ ਵਿਭਾਗ ਵਿੱਚ ਬਤੌਰ ਕਲਰਕ ਭਰਤੀ ਹੋਇਆ ਸੀ ਅਤੇ ਸਾਲ 2020 ਤੱਕ ਅਤੇ ਉਸਤੋਂ ਬਾਅਦ ਵੀ ਉਸ ਕੋਲ ਟਾਈਪਿੰਗ ਟੈਸਟ ਪਾਸ ਕਰਨ ਦੇ ਕਈ ਮੌਕੇ ਸਨ, ਜਿਨ੍ਹਾਂ ਵਿੱਚ ਉਹ ਟੈਸਟ ਪਾਸ ਨਹੀਂ ਕਰ ਸਕਿਆ ਹੈ।

ਆਡਿਟ ਅਫਸਰ, ਸਹਿਕਾਰੀ ਸਭਾਵਾਂ, ਫਿਰੋਜ਼ਪੁਰ ਵੱਲੋਂ ਪੱਤਰ ਨੰ: ਅ.ਅ.ਫ/2024/226 ਮਿਤੀ 06-02-2024 ਰਾਹੀਂ ਪੰਜਾਬ ਸਿਵਲ ਸਰਵਿਸਜ਼ (ਜਨਰਲ ਅਤੇ ਕਾਮਨ ਕੰਡੀਸ਼ਨਜ਼ ਆਫ ਸਰਵਿਸ ਰੂਲਜ਼ 1994) ਦੇ ਨਿਯਮ 7(3)(b)(i) ਦਾ ਹਵਾਲਾ ਦਿੰਦੇ ਹੋਏ ਇਹ ਤਜਵੀਜ਼ ਦਿੱਤੀ ਗਈ ਹੈ ਕਿ ਕਰਮਚਾਰੀ ਖਿਲਾਫ ਉਕਤ ਨਿਯਮ ਅਨੁਸਾਰ ਕਾਰਵਾਈ ਹੋਣੀ ਚਾਹੀਦੀ ਹੈ।

ਪੰਜਾਬ ਸਿਵਲ ਸਰਵਿਸਜ਼ (ਜਨਰਲ ਅਤੇ ਕਾਮਨ ਕੰਡੀਸ਼ਨਜ਼ ਆਫ ਸਰਵਿਸ ਰੂਲਜ਼, 1994) ਦੇ ਨਿਯਮ 7(3)(b) ਅਨੁਸਾਰ, ਨਿਯੁਕਤੀ ਅਧਿਕਾਰੀ:-

ਜੇਕਰ ਉਸਦੀ ਰਾਏ ਵਿੱਚ ਕਿਸੇ ਕਰਮਚਾਰੀ ਦਾ ਪਰਖਕਾਲ ਸਮੇਂ ਦੌਰਾਨ ਕਾਰ-ਵਿਹਾਰ ਤਸੱਲੀਬਖਸ਼ ਨਹੀਂ ਰਿਹਾ ਜਾਂ ਉਸਦੇ ਸੇਵਾ ਨਿਯਮਾਂ ਵਿੱਚ ਉਪਬੰਧਤ ਵਿਭਾਗੀ ਪ੍ਰੀਖਿਆ ਵਿੱਚ ਫੇਲ੍ਹ ਹੋ ਗਿਆ ਹੋਵੇ ਤਾਂ:-

(i) ਜੇਕਰ ਉਹ ਸਿੱਧਾ ਭਰਤੀ ਕੀਤਾ ਗਿਆ ਹੈ ਉਸ ਦੀਆਂ ਸੇਵਾਵਾਂ ਰੱਦ ਕਰ ਸਕਦਾ ਹੈ, ਜੇਕਰ ਹੋਰ ਕਿਸੇ ਢੰਗ ਨਾਲ ਭਰਤੀ ਕੀਤਾ ਗਿਆ ਹੈ, ਉਸਨੂੰ ਉਸਦੀ ਪਹਿਲੀ ਅਸਾਮੀ ਤੇ ਪਰਤਾ ਸਕਦਾ ਹੈ ਜਾਂ ਅਜਿਹੇ ਢੰਗ ਨਾਲ, ਜਿਵੇਂ ਕਿ ਉਸਦੀ ਪਹਿਲੀ ਨਿਯੁਕਤੀ ਦੀਆਂ ਸ਼ਰਤਾਂ ਵਿੱਚ ਦਿੱਤਾ ਹੋਵੇ, ਨਜਿੱਠ ਸਕਦਾ ਹੈ।

(ii) ਉਸਦੇ ਪਰਖਕਾਲ ਵਿੱਚ ਵਾਧਾ ਕਰ ਸਕਦਾ ਹੈ ਅਤੇ ਇਸ ਉਪਰੰਤ ਅਜਿਹੇ ਹੁਕਮ ਦੇ ਸਕਦਾ ਹੈ ਜਿਵੇਂ ਨਿਯਮਾਂ ਵਿੱਚ ਦਿੱਤੇ ਅਨੁਸਾਰ ਪਰਖਕਾਲ ਸਮਾਂ ਪੂਰਾ ਹੋਣ ਤੇ ਕੀਤੇ ਜਾਣੇ ਚਾਹੀਦੇ ਹਨ।

*ਪ੍ਰੰਤੂ ਸ਼ਰਤ ਇਹ ਹੈ ਕਿ ਪਰਖਕਾਲ ਦਾ ਕੁੱਲ ਸਮਾਂ, ਜੇਕਰ ਸਿੱਧੀ ਭਰਤੀ ਰਾਹੀਂ ਤੈਨਾਤ ਕੀਤਾ ਜਾਂਦਾ ਹੈ ਤਾਂ ਵਾਧੇ ਸਹਿਤ ਚਾਰ ਸਾਲ ਤੋਂ ਵੱਧ ਨਹੀਂ ਹੋਣਾ ਚਾਹੀਦਾ ਅਤੇ ਜੇਕਰ ਕਿਸੇ ਹੋਰ ਤਰ੍ਹਾਂ ਭਰਤੀ ਕੀਤਾ ਗਿਆ ਹੈ ਤਾਂ ਤਿੰਨ ਸਾਲ ਤੋਂ ਵੱਧ ਨਹੀਂ ਹੋਣਾ ਚਾਹੀਦਾ। *

ਸੋ ਕਰਮਚਾਰੀ ਦੀਆਂ ਉਕਤ ਸਥਿਤੀਆਂ ਜਿਵੇਂ ਕਿ ਜ਼ਿਆਦਾਤਰ ਸਮਾਂ ਛੁੱਟੀ ਤੇ ਰਹਿਣ ਸਬੰਧੀ, ਟਾਈਪਿੰਗ ਟੈਸਟ ਪਾਸ ਨਾ ਹੋਣ ਸਬੰਧੀ ਅਤੇ ਪਰਖਕਾਲ ਸਮਾਂ ਕਲੀਅਰ ਨਾ ਹੋਣ ਸਬੰਧੀ ਆਡਿਟ ਅਫਸਰ ਵੱਲੋਂ ਦਿੱਤੀ ਤਜਵੀਜ਼ ਨੂੰ ਮੁੱਖ ਰੱਖਦੇ ਹੋਏ ਸ਼੍ਰੀ ਨਵਜੀਤ ਸਿੰਘ ਪੁੱਤਰ ਲੇਟ ਸ਼੍ਰੀ ਰੁਪਿੰਦਰ ਸਿੰਘ, ਵਾਸੀ ਮਾਡਲ ਟਾਊਨ, ਗਲੀ ਨੰ.1, ਅਬੋਹਰ ਵੱਲੋਂ ਮਿਤੀ 07-11-2006 ਨੂੰ ਇਸ ਵਿਭਾਗ ਵਿੱਚ ਨਿਯੁਕਤ ਹੋਣ ਉਪਰੰਤ ਨਿਯੁਕਤੀ ਪੱਤਰ ਦੀਆਂ ਸ਼ਰਤਾਂ ਅਨੁਸਾਰ ਪੰਜਾਬੀ ਟਾਈਪ ਟੈਸਟ ਨਿਰਧਾਰਿਤ ਸਪੀਡ ਨਾਲ ਪਾਸ ਨਾ ਕਰਨ ਅਤੇ ਹੁਣ ਤੱਕ ਆਪਣਾ ਪਰਖਕਾਲ ਸਮਾਂ ਤਸੇਲੀਬਖਸ਼ ਪਾਰ ਨਾ ਕਰਨ ਕਰਕੇ ਪੰਜਾਬ ਸਿਵਲ ਸਰਵਿਸਜ਼ (ਜਨਰਲ ਅਤੇ ਕਾਮਨ ਕੰਡੀਸ਼ਨਜ਼ ਆਫ ਸਰਵਿਸ ਰੂਲਜ਼, 1994) ਦੇ ਰੂਲ 7(3)(b)(i) ਤਹਿਤ ਸਰਕਾਰੀ ਸੇਵਾ ਤੋਂ ਰਿਮੂਵ ਕੀਤਾ ਜਾਂਦਾ ਹੈ।

ਸਹੀ/-

ਸਰਬਜੀਤ ਸਿੰਘ

ਚੀਫ ਆਡੀਟਰ ਸਹਿਕਾਰੀ ਸਭਾਵਾਂ

ਪੰਜਾਬ, ਚੰਡੀਗੜ੍ਹ

3716/5-2026/Pb. Govt. Press, S.A.S. Nagar